**CLASS-XII**

## 32. MODELLING AND SCULPTURE

**ਮਾਡਲਿੰਗ ਅਤੇ ਬੁੱਤਕਾਰੀ**

**ਸਮਾਂ:8 ਘੰਟੇ** **ਪ੍ਰਯੋਗੀ: 90 ਅੰਕ**

**INA: 10 ਅੰਕ**

**ਕੁੱਲ: 100 ਅੰਕ**

**ਨੋਟ:**-1. ਇਹ ਪੇਪਰ ਪੂਰਨ ਪ੍ਰਯੋਗੀ ਹੈ ਅਤੇ ਪ੍ਰਯੋਗੀ ਪ੍ਰੀਖਿਅਕ ਰਾਹੀਂ ਬੋਰਡ ਵੱਲੋਂ ਨਿਯਤ ਡੇਟਸ਼ੀਟ ਅਨੁਸਾਰ ਲਿਆ ਜਾਵੇਗਾ।

2. ਮਿੱਟੀ ਜਾਂ ਪੀ.ਓ.ਪੀ. ਪ੍ਰੀਖਿਆਰਥੀ ਖੁਦ ਨਾਲ ਲੈਕੇ ਆਵੇਗਾ।

| | **ਸਮਾਂ** | **ਸ਼ੈਸ਼ਨ** |
|---|---|---|
| ਪਹਿਲਾ ਪੇਪਰ | 4 ਘੰਟੇ | ਸਵੇਰ |
| ਦੂਜਾ ਪੇਪਰ | 4 ਘੰਟੇ | ਸ਼ਾਮ |

## STRUCTURE OF QUESTION PAPER

## ਪ੍ਰਸ਼ਨ-ਪੱਤਰ ਦੀ ਰੂਪ ਰੇਖਾ

1. ਇਹ ਪੇਪਰ ਪ੍ਰਯੋਗੀ ਡੇਟ ਸ਼ੀਟ ਅਨੁਸਾਰ ਪ੍ਰਯੋਗੀ ਪ੍ਰੀਖਿਅਕ ਵੱਲੋਂ ਲਿਆ ਜਾਵੇਗਾ। ਇਸਦੇ 38 ਅੰਕ ਹੋਣਗੇ। ਇਹ ਸਵੇਰ ਦੇ ਸੈਸ਼ਨ ਵਿੱਚ ਲਿਆ ਜਾਵੇਗਾ। ਇਸ ਦਾ ਸਮਾਂ ਚਾਰ ਘੰਟੇ ਹੋਵੇਗਾ। ਇਸ ਵਿੱਚ ਪਸ਼ੂ, ਜਾਨਵਰ ਅਤੇ ਮਨੁੱਖੀ ਸਰੀਰ ਦੇ ਬੁੱਤ ਤਿਆਰ ਕੀਤੇ ਜਾਣਗੇ।

2. ਦੋਨਾਂ ਸੈਸ਼ਨਾਂ ਦੇ ਵਿਚਕਾਰ ਇੱਕ ਘੰਟੇ ਦੀ ਛੁੱਟੀ ਹੋਵੇਗੀ। ਉਸ ਦੌਰਾਨ ਸੈਸ਼ਨਲ ਵਰਕ ਚੈੱਕ ਕਰਕੇ ਮੁਲਾਂਕਣ ਕੀਤਾ ਜਾਵੇਗਾ।

3. ਦੂਜੇ ਸ਼ਾਮ ਦੇ ਸੈਸ਼ਨ ਵਿੱਚ ਮਨੁੱਖੀ ਸਿਰ ਦਾ ਬੁੱਤ ਤਿਆਰ ਕਰਵਾਇਆ ਜਾਵੇਗਾ। ਇਹ ਕੰਮ ਚਾਰ ਘੰਟੇ ਵਿੱਚ ਪੂਰਾ ਕੀਤਾ ਜਾਵੇਗਾ। ਇਸਦੇ 38 ਅੰਕ ਹੋਣਗੇ।

4. ਸਾਰੇ ਪੇਪਰਾਂ ਦਾ ਮੁਲਾਂਕਣ ਪ੍ਰਯੋਗੀ ਪ੍ਰੀਖਿਅਕ ਕਰਕੇ ਨੰਬਰ ਸੂਚੀਆਂ ਸਬੰਧਤ ਅਧਿਕਾਰੀ ਨੂੰ ਆਪਣੇ ਹਸਤਾਖਰ ਕਰਕੇ ਮੋਹਰ ਬੰਦ ਲਿਫ਼ਾਫੇ ਵਿੱਚ ਭੇਜੇਗਾ।

5 ਸਾਰੇ ਸਾਲ ਵਿੱਚ ਘੱਟੋ-ਘੱਟ 14 ਵਸਤੂਆਂ ਤਿਆਰ ਕੀਤੀਆਂ ਜਾਣਗੀਆਂ, ਜਿਸਦੇ 14 ਅੰਕ ਹੋਣਗੇ।

**ਨੋਟ:- ਮਿੱਟੀ ਜਾਂ ਪੀ.ਓ.ਪੀ. ਪ੍ਰੀਖਿਆਰਥੀ ਖੁਦ ਨਾਲ ਲੈਕੇ ਆਵੇਗਾ।**